# ਸੰਖਿਆਵਾਂ ਨੂੰ ਮਾਤਰਾਵਾਂ ਨਾਲ ਜੋੜਨਾ

## ਚੋਣ ਬੋਰਡ

ਆਪਣੇ ਬੱਚੇ ਨੂੰ ਹੇਠਾਂ ਦਿਖਾਈਆਂ ਗਈਆਂ ਗਤੀਵਿਧੀਆਂ ਵਿੱਚੋਂ ਇੱਕ ਜਾਂ ਵੱਧ ਦੀ ਚੋਣ ਕਰਨ ਲਈ ਆਖੋ। ਚੋਣ ਕਰਨਾ ਅਤੇ ਉਸਦਾ ਅਨੁਸਰਨ ਕਰਨਾ, ਬੌਧਿਕ ਅਤੇ ਸਮਾਜਿਕ ਮਾਨਸਿਕ ਵਿਕਾਸ ਲਈ ਮਹੱਤਵਪੂਰਣ ਕੁਸ਼ਲਤਾਵਾਂ ਹਨ। **ਇਹ ਪਤਾ ਲਗਾਉਣ ਲਈ ਹੇਠਾਂ ਦਿੱਤੀਆਂ ਗਤੀਵਿਧੀਆਂ ਵਿੱਚੋਂ ਚੁਣੋ ਕਿ ਤੁਹਾਡਾ ਬੱਚਾ ਕਿੰਨੀਆਂ ਸੰਖਿਆਵਾਂ ਪਛਾਣ ਸਕਦਾ ਹੈ ਅਤੇ ਉਹ ਸੰਖਿਆ "ਕਿੰਨੀਆਂ" ਪ੍ਰਦਰਸ਼ਿਤ ਕਰਦੀ ਹੈ।**

<table>
<tr>
<td>ਪਰਿਵਾਰ ਲਈ ਸੁਝਾਅ: ਪੂਰਾ ਦਿਨ ਸੰਖਿਆਵਾਂ ਖੋਜੋ। ਸੰਖਿਆਵਾਂ ਦਾ ਨਾਮ ਦੱਸਣ ਅਤੇ ਉਸ ਸੰਖਿਆ ਨੂੰ ਗਿਣਨ ਦਾ ਅਭਿਆਸ ਕਰੋ। ਬੱਚਿਆਂ ਨੂੰ ਆਖੋ ਕਿ ਉਹ ਛੋਟੀਆਂ ਸੰਖਿਆ ਪ੍ਰਦਰਸ਼ਿਤ ਕਰਨ ਲਈ ਉਂਗਲੀਆਂ ਦੀ ਵਰਤੋਂ ਕਰੋ, ਜੋ ਉਹ ਦੇਖਦੇ ਹਨ।</td>
<td>ਸੰਖਿਆ ਕਾਰਡ: 5 ਵੱਖਰੇ ਕਾਰਡਾਂ ਤੇ 1–5 ਸੰਖਿਆਵਾਂ ਲਿਖੋ। ਬੱਚੇ ਦੇ ਸਾਮ੍ਹਣੇ 1–5 ਦੇ ਸੰਖਿਆਤਮਕ ਕਾਰਡਾਂ ਨੂੰ ਬੇਤਰਤੀਬੀ ਨਾਲ ਲਗਾਓ। ਬੱਚੇ ਨੂੰ ਆਖੋ ਕੇ ਉਹ ਹਰੇਕ ਸੰਖਿਆਤਮਕ ਕਾਰਡ ਦਾ ਨਾਮ ਦੱਸਦੇ ਹੋਏ ਉਸ ਦਾ ਪਾਸਾ ਪਲਟਣ। ਬੱਚੇ ਨੂੰ ਸੰਖਿਆਤਮਕ ਕਾਰਡ ਫੈਲਾਉਣ ਅਤੇ ਹਰੇਕ ਕਾਰਡ ਦੇ ਸਹੀ ਸੰਖਿਆ ਵਿੱਚ ਵਸਤਾਂ ਰੱਖਣ ਲਈ ਆਖੋ। ਜੇਕਰ ਉਹ ਸਫਲ ਹੋਣ, ਤਾਂ 20 ਤੱਕ ਦੀਆਂ ਸੰਖਿਆਵਾਂ ਨਾਲ ਦੁਹਰਾਓ।</td>
<td>ਸੰਖਿਆਵਾਂ ਦਾ ਪਤਾ ਲਗਾਉਣਾ: ਜਦੋਂ ਤੁਸੀਂ ਆਪਣੇ ਰੋਜ਼ਾਨਾ ਦੇ ਕੰਮ ਕਰੋ, ਤਾਂ ਸੰਖਿਆਵਾਂ ਦਾ ਪਤਾ ਕਰੋ ਅਤੇ ਬੱਚੇ ਨੂੰ ਇਹ ਦੱਸਣ ਲਈ ਆਖੋ ਕਿ ਉਹ ਕਿਹੜੀ ਸੰਖਿਆ ਹੈ। ਬੱਚੇ ਨੂੰ ਉਸ ਨੰਬਰ ਤੇ ਤਾਲੀ ਵਜਾਉਣ ਜਾਂ ਕੁੱਦਣ ਲਈ ਆਖੋ।</td>
<td rowspan="2">ਸੰਖਿਆ ਟਿਕ ਟੈਕ ਟੋ: ਦੋ ਖਿਡਾਰੀ: 3x3 ਗ੍ਰਿਡ ਬਣਾਓ ਅਤੇ ਹਰੇਕ ਖਾਨੇ ਵਿੱਚ ਬੇਤਰਤੀਬ ਸੰਖਿਆ (1–10) ਭਰੋ। ਹਰੇਕ ਖਿਡਾਰੀ, ਸੰਖਿਆ ਦਾ ਨਾਮ ਦੱਸਦੇ ਹੋਏ ਅਤੇ ਉਸ ਸੰਖਿਆ ਨੂੰ ਇੱਕ ਐਕਸ਼ਨ ਜਾਂ ਗਤੀਵਿਧੀ (ਕੁੱਦਦਾ ਹੈ, ਤਾਲੀ ਵਜਾਉਂਦਾ ਹੈ, ਪੈਰ ਘਸੀਟ ਕੇ ਚੱਲਦਾ ਹੈ) ਨਾਲ ਦਿਖਾਉਂਦੇ ਹੋਏ ਵਾਰੀ ਲਵੋ। ਜੇਕਰ ਸੰਖਿਆ ਦਾ ਨਾਮ ਸਹੀ ਢੰਗ ਨਾਲ ਦੱਸਿਆ ਜਾਂਦਾ ਹੈ, ਤਾਂ ਖਿਡਾਰੀ ਇਸ ਉੱਤੇ ਨਿਸ਼ਾਨ ਲਗਾਉਣ ਲਈ ਸੰਖਿਆ ਨੂੰ ਕੱਟੇਗਾ ਜਾਂ ਚਿੰਨ੍ਹ ਲਗਾਵੇਗਾ। ਜਦੋਂ ਤੱਕ ਸਾਰੀਆਂ ਸੰਖਿਆਵਾਂ ਦੇ ਨਾਮ ਨਾ ਦੱਸੇ ਜਾਣ ਜਾਂ ਜਦੋਂ ਤੱਕ ਇੱਕ ਖਿਡਾਰੀ ਕਤਾਰ ਵਿੱਚ 3 ਸੰਖਿਆਵਾਂ ਪ੍ਰਾਪਤ ਕਰਕੇ ਜਿੱਤ ਨਹੀਂ ਜਾਂਦਾ, ਤਾਂ ਵਾਰੀ ਲੈਣ ਨੂੰ ਦੁਹਰਾਓ। ਜੇਕਰ ਬੱਚਾ ਸਫਲ ਹੁੰਦਾ ਹੈ, ਤਾਂ 11–20 ਸੰਖਿਆਵਾਂ ਨਾਲ ਦੁਹਰਾਓ</td>
</tr>
<tr>
<td>ਰੋਲ ਕਰੋ ਅਤੇ ਨਾਮ ਦੱਸੋ: ਕਾਗਜ਼ ਉੱਤੇ 1–6 ਸੰਖਿਆਵਾਂ ਲਿਖੋ। ਬੱਚੇ ਨੂੰ ਆਖੋ ਕਿ ਉਹ ਡਾਈ ਨੂੰ ਰੋਲ ਕਰੇ, ਰੋਲ ਕੀਤੀ ਸੰਖਿਆ ਦਾ ਨਾਮ ਦੱਸੇ ਅਤੇ ਕਾਗਜ਼ ਉੱਤੇ ਮੇਲ ਖਾਂਦੀ ਸੰਖਿਆ ਨੂੰ ਕੱਟੇ। ਜਦੋਂ ਤੱਕ ਸਾਰੀਆਂ ਸੰਖਿਆਵਾਂ ਕੱਟੀਆਂ ਨਾ ਜਾਣ, ਉਦੋਂ ਤੱਕ ਦੁਹਰਾਓ।</td>
<td>ਸੰਖਿਆਵਾਂ ਨੂੰ ਪਛਾਣਨਾ: ਕਿਸੇ ਵੀ ਸਤ੍ਹਾ ਤੇ 1–20 ਦੀਆਂ ਬੇਤਰਤੀਬ ਸੰਖਿਆਵਾਂ 1-20 ਲਿਖੋ ਅਤੇ ਦੇਖੋ ਕਿ ਕੀ ਬੱਚਾ ਉਹ ਸੰਖਿਆ ਦੱਸ ਸਕਦਾ ਹੈ, ਜੋ ਤੁਸੀਂ ਲਿਖੀ ਹੈ। ਬੱਚੇ ਨੂੰ ਆਖੋ ਕਿ ਉਹ ਸੰਖਿਆ ਦੇ ਬਰਾਬਰ ਵਾਰੀ ਕੁੱਦੇ, ਟੱਪਾ ਭਰੇ ਜਾਂ ਟਪੂਸੀ ਮਾਰੇ।</td>
<td>ਕਿਤਾਬ ਵਿੱਚ ਸੰਖਿਆਵਾਂ: ਕਿਤਾਬ ਲਓ, ਜਿਸ ਵਿੱਚ ਪੰਨਿਆਂ ਦੀਆਂ ਸੰਖਿਆਵਾਂ ਲਿਖੀਆਂ ਹੋਣ। ਵਾਰੀ-ਵਾਰੀ ਨਾਲ ਕਿਤਾਬ ਦੇ ਬੇਤਰਤੀਬ ਪੰਨਿਆਂ ਨੂੰ ਖੋਲ੍ਹੋ ਅਤੇ ਪੰਨੇ ਦੇ ਲਿਖੀ ਸੰਖਿਆ ਦੱਸੋ।</td>
</tr>
</table>

WaKIDS Washington Kindergarten Inventory of Developing Skills
Washington Office of Superintendent of PUBLIC INSTRUCTION